


## ਲੈਫਟਓਵਰ ਪੇਂਟ ਦੇ ਪ੍ਰਬੰਧਨ ਲਈ ਇੱਕ ਪ੍ਰੋਗਰਾਮ

*ਯੂਨਾਈਟਿਡ ਸਟੇਟਾਂ ਵਿੱਚ ਹਰ ਸਾਲ ਲਗਭਗ 850 ਮਿਲੀਅਨ ਗੈਲਨ ਆਰਕੀਟੈਕਚਰਲ ਪੇਂਟ ਵੇਚਿਆ ਜਾਂਦਾ ਹੈ। ਕੀ ਤੁਸੀਂ ਜਾਣਦੇ ਹੋ ਕਿ ਲਗਭਗ 10 ਪ੍ਰਤੀਸ਼ਤ ਪੇਂਟ ਅਣਵਰਤਿਆ ਹੁੰਦਾ ਹੈ ਅਤੇ ਇਹ ਰੀਸਾਈਕਲਿੰਗ ਲਈ ਉਪਲਬਧ ਹੈ?*

ਪੇਂਟ ਸਟੀਵਰਡਸ਼ਿਪ ਕਾਨੂੰਨਾਂ ਤਹਿਤ ਪੇਂਟ ਨਿਰਮਾਣ ਉਦਯੋਗ ਨੂੰ ਪੋਸਟ-ਕੰਜ਼ਿਊਮਰ (ਲੈਫਟਓਵਰ) ਆਰਕੀਟੈਕਚਰਲ ਪੇਂਟ ਦਾ ਪ੍ਰਬੰਧਨ ਕਰਨ ਲਈ ਵਿੱਤੀ ਤੌਰ 'ਤੇ ਟਿਕਾਊ ਅਤੇ ਵਾਤਾਵਰਣ ਲਈ ਜ਼ਿੰਮੇਵਾਰ ਪ੍ਰੋਗਰਾਮ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ। ਪੇਂਟ ਨਿਰਮਾਤਾਵਾਂ ਨੇ ਲਾਗੂ ਕਾਨੂੰਨਾਂ ਵਾਲੇ ਰਾਜਾਂ ਵਿੱਚ ਪੇਂਟ ਸਟੀਵਰਸ਼ਿਪ ਪ੍ਰੋਗਰਾਮ ਚਲਾਉਣ ਲਈ ਇੱਕ ਗੈਰ-ਲਾਭਕਾਰੀ ਸੰਸਥਾ, PaintCare ਬਣਾਈ ਹੈ।

ਪ੍ਰੋਗਰਾਮ ਵਿੱਚ ਸਹੀ ਮਾਤਰਾ ਵਿੱਚ ਪੇਂਟ ਖਰੀਦਣ ਬਾਰੇ ਸਿੱਖਿਆ, ਬਾਕੀ ਬਚੇ ਪੇਂਟ ਦੀ ਵਰਤੋਂ ਕਰਨ ਲਈ ਸੁਝਾਅ, ਅਤੇ ਪੂਰੀ ਸਟੇਟ ਵਿੱਚ ਸੁਵਿਧਾਜਨਕ ਰੀਸਾਈਕਲਿੰਗ ਸਥਾਨਾਂ ਨੂੰ ਸਥਾਪਤ ਕਰਨਾ ਸ਼ਾਮਲ ਹੈ।

## PaintCare ਪ੍ਰੋਡਕਟ

*ਜਦੋਂ ਤੁਸੀਂ ਇਹਨਾਂ ਪ੍ਰੋਡਕਟਾਂ ਨੂੰ ਖਰੀਦਦੇ ਹੋ ਤਾਂ ਇੱਕ ਫੀਸ ਹੁੰਦੀ ਹੈ ਅਤੇ ਇਹ ਬਿਨਾਂ ਕਿਸੇ ਵਾਧੂ ਲਾਗਤ ਦੇ ਡਰਾਪ-ਆਫ ਲਈ ਸਵੀਕਾਰ ਕੀਤੇ ਜਾਂਦੇ ਹਨ:*

- ਅੰਦਰੂਨੀ ਅਤੇ ਬਾਹਰੀ ਆਰਕੀਟੈਕਚਰਲ ਪੇਂਟ: ਲੈਟੇਕਸ, ਐਕ੍ਰੀਲਿਕ, ਵਾਟਰ-ਬੇਸਡ, ਅਲਕਾਈਡ, ਆਇਲ-ਬੇਸਡ, ਇਨਾਮਿਲ (ਟੈਕਚਰਡ ਕੋਟਿੰਗ ਸਮੇਤ)
- ਡੈੱਕ ਕੋਟਿੰਗ, ਫਰਸ਼ ਪੇਂਟ (ਇਲਾਸਟੋਮੈਰਿਕ ਸਮੇਤ)
- ਪ੍ਰਾਈਮਰ, ਸੀਲਰ, ਅੰਡਰਕੋਟਰ
- ਧੱਬੇ
- ਸ਼ੈਲਕ, ਲੈਕੁਆਰ, ਵਾਰਨਿਸ਼, ਯੂਰੇਥੇਨ (ਇਕਹਿਰਾ ਹਿੱਸਾ)
- ਵਾਟਰਪ੍ਰੂਫਿੰਗ ਕੰਕਰੀਟ/ਮੇਸਨ੍ਰੀ/ਲੱਕੜ ਦੇ ਸੀਲਰ ਅਤੇ ਰਿਪੈਲੈਂਟਸ (ਟਾਰ ਜਾਂ ਬਿਟੂਮਨ ਅਧਾਰਤ ਨਹੀਂ)
- ਮੈਟਲ ਕੋਟਿੰਗ, ਜੰਗਾਲ ਰੋਕਥਾਮ
- ਫੀਲਡ ਅਤੇ ਲਾਅਨ ਪੇਂਟ

*ਲੀਕ ਹੋਣ ਵਾਲੇ, ਲੇਬਲ ਰਹਿਤ, ਅਤੇ ਖਾਲੀ ਕੰਟੇਨਰ ਡਰਾਪ-ਆਫ ਸਾਈਟਾਂ 'ਤੇ ਸਵੀਕਾਰ ਨਹੀਂ ਕੀਤੇ ਜਾਂਦੇ।*

## ਗੈਰ-PaintCare ਪ੍ਰੋਡਕਟ

- ਪੇਂਟ ਥਿਨਰ, ਮਿਨਰਲ ਸਪਿਰਟਸ , ਘੁਲਨਸ਼ੀਲ
- ਐਰੋਸੋਲ ਪਰਤਾਂ
- ਆਟੋ ਅਤੇ ਮਰੀਨ ਪੇਂਟ
- ਕਲਾ ਅਤੇ ਸ਼ਿਲਪਕਾਰੀ ਪੇਂਟ
- ਕੌਕ (Caulk), ਐਪੋਕਸੀਜ਼, ਗੂੰਦ, ਐਡਿਸਿਵ
- ਪੇਂਟ ਐਡਿਟਿਵ, ਕਲਰੈਂਟਸ, ਟਿੰਟ, ਰੇਜ਼ਿਨ
- ਵੁਡ ਪ੍ਰਜ਼ਰਵੇਟਿਵਜ਼ (ਕੀਟਨਾਸ਼ਕਾਂ ਵਾਲੇ)
- ਰੂਫ ਪੈਚ ਅਤੇ ਮੁਰੰਮਤ
- ਅਸਫਾਲਟ, ਟਾਰ, ਅਤੇ ਬਿਟੂਮਨ-ਬੇਸਡ ਪ੍ਰੋਡਕਟਸ
- 2-ਕੰਪੋਨੈਂਟ ਕੋਟਿੰਗ
- ਡੈੱਕ ਕਲੀਨਰ
- ਟ੍ਰੈਫਿਕ ਅਤੇ ਰੋਡ ਮਾਰਕਿੰਗ ਪੇਂਟ
- ਇੰਡਸਟਰੀਅਲ ਮੇਨਟੇਨੈਂਸ (IM) ਕੋਟਿੰਗ
- ਓਰਿਜਨਲ ਇਕਉਪਮੈਂਟ ਮੈਨੂਫੈਕਚਰਰ (OEM) (ਸ਼ੌਪ ਐਪਲੀਕੇਸ਼ਨ) ਪੇਂਟ ਅਤੇ ਫਿਨਿਸ਼ਸ

ਗੈਰ-PaintCare ਪ੍ਰੋਡਕਟਾਂ ਦੇ ਰੀਸਾਈਕਲਿੰਗ ਅਤੇ ਸਹੀ ਨਿਪਟਾਰੇ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਆਪਣੇ ਗਾਰਬੇਜ ਹੌਲਰ, ਲੋਕਲ ਇਨਵਾਇਰਮੇਂਟਲ ਹੈਲਥ ਏਜੰਸੀ, ਹਾਊਸਹੋਲਡ ਹੈਜ਼ਾਰਡਸ ਵੇਸਟ ਪ੍ਰੋਗਰਾਮ, ਜਾਂ ਪਬਲਿਕ ਵਰਕਸ ਡਿਪਾਰਟਮੈਂਟ ਨਾਲ ਸੰਪਰਕ ਕਰੋ।

XX-BRPUN-0324

PaintCare®

# ਰੀਸਾਈਕਲ ਕਰੋ PaintCare ਨਾਲ



## ਬਚੇ ਹੋਏ ਪੇਂਟ ਨੂੰ ਮੈਂ ਕਿੱਥੇ ਲੈਕੇ ਜਾਵਾਂ?

PaintCare ਨਾਲ ਪੇਂਟ ਦੀ ਰੀਸਾਈਕਲਗਿ ਸੁਖਾਲੀ ਹੈ। ਅਸੀਂ ਪੇਂਟ ਸਟੀਵਰਡਸ਼ਪਿ ਕਾਨੂੰਨਾਂ ਦੇ ਨਾਲ ਸਟੇਟਾਂ ਵਿੱਚ ਪੇਂਟ ਡਰਾਪ-ਆਫ ਸਾਈਟਾਂ ਸਥਾਪਤ ਕਰਦੇ ਹਾਂ। ਆਪਣੀ ਨਜ਼ਦੀਕੀ ਡਰਾਪ-ਆਫ ਸਾਈਟ ਨੂੰ ਲੱਭਣ ਲਈ, www.paintcare.org 'ਤੇ PaintCare ਦੇ ਡਰਾਪ-ਆਫ ਸਾਈਟ ਲੋਕੇਟਰ ਦੀ ਵਰਤੋਂ ਕਰੋ ਜਾਂ ਸਾਡੀ ਹੌਟਲਾਈਨ (855) PAINT09 'ਤੇ ਕਾਲ ਕਰੋ।

## ਰੀਸਾਈਕਲ ਕਵਿੇਂ ਕਰੀਏ

PaintCare ਸਾਈਟਾਂ ਘਰ ਦੇ ਲੈਫਟਓਵਰ ਪੇਂਟ, ਸਟੇਨ ਅਤੇ ਵਾਰਨਸ਼ਿ ਦੇ ਸਾਰੇ ਬ੍ਰਾਂਡਾਂ ਨੂੰ ਸਵੀਕਾਰ ਕਰਦੀਆਂ ਹਨ, ਭਾਵੇਂ ਹਾਲ ਹੀ ਵਿੱਚ ਵਰਤਆਿ ਗਆਿ ਹੋਵੇ ਜਾਂ ਕਈ ਸਾਲ ਪੁਰਾਣਾ। ਕੰਟੇਨਰ ਪੰਜ ਗੈਲਨ ਜਾਂ ਇਸ ਤੋਂ ਛੋਟੇ ਹੋਣੇ ਚਾਹੀਦੇ ਹਨ, ਅਤੇ ਪੇਂਟ ਦੀਆਂ ਕੁਝ ਕਸਿਮਾਂ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ। PaintCare ਕੀ ਕੁਝ ਸਵੀਕਾਰ ਕਰਦਾ ਹੈ, ਇਸਦੀ ਸੂਚੀ ਲਈ ਪਛਿਲੇ ਪਾਸੇ ਦੇਖੋ।

ਸਾਰੀਆਂ PaintCare ਡਰਾਪ-ਆਫ ਸਾਈਟਾਂ ਇੱਕ ਵਜ਼ਿਟਿ ਵਿੱਚ ਪੰਜ ਗੈਲਨ ਤੱਕ ਪੇਂਟ ਸਵੀਕਾਰ ਕਰਦੀਆਂ ਹਨ। ਕੁਝ ਸਾਈਟਾਂ ਹੋਰ ਵੀ ਸਵੀਕਾਰ ਕਰਦੀਆਂ ਹਨ। ਕਰਿਪਾ ਕਰਕੇ ਸਾਈਟਾਂ ਨੂੰ ਪਹਲਿਾਂ ਕਾਲ ਕਰਕੇ ਕਾਰੋਬਾਰ ਸਮੇਂ ਦੀ ਪੁਸ਼ਟੀ ਕਰੋ ਅਤੇ ਇਹ ਯਕੀਨੀ ਬਣਾਓ ਕ ਿਉਹ ਪੇਂਟ ਦੀ ਓਨੀ ਮਾਤਰਾ ਨੂੰ ਸਵੀਕਾਰ ਕਰ ਸਕਦੀਆਂ ਹਨ ਜੋ ਤੁਸੀਂ ਰੀਸਾਈਕਲ ਕਰਨਾ ਚਾਹੁੰਦੇ ਹੋ।

ਇਹ ਯਕੀਨੀ ਬਣਾਓ ਕ ਿਸਾਰੇ ਪੇਂਟ ਕੰਟੇਨਰਾਂ ਉੱਤੇ ਢੱਕਣ ਅਤੇ ਅਸਲੀ ਲੇਬਲ ਹੋਣ, ਅਤੇ ਜੇਕਰ ਗੱਡੀ ਵਿੱਚ ਲੈ ਜਾ ਰਹੇ ਹੋ ਤਾਂ ਉਹਨਾਂ ਨੂੰ ਆਪਣੇ ਵਾਹਨ ਵਿੱਚ ਸੁਰੱਖਅਿਤ ਢੰਗ ਨਾਲ ਲੋਡ ਕਰੋ। ਉਹਨਾਂ ਦੇ ਨਯਿਮਤ ਕਾਰੋਬਾਰੀ ਘੰਟਆਿਂ ਦੌਰਾਨ ਇਸਨੂੰ ਇੱਕ ਡਰਾਪ-ਆਫ ਸਾਈਟ ਤੇ ਲੈ ਜਾਓ। ਅਸੀਂ ਇਸਨੂੰ ਉਥੋਂ ਲੈ ਲਵਾਂਗੇ।



## ਪੇਂਟ ਦਾ ਅਸੀਂ ਕੀ ਕਰਦੇ ਹਾਂ?

PaintCare ਇਹ ਯਕੀਨੀ ਬਣਾਉਂਦਾ ਹੈ ਕ ਿਤੁਹਾਡੇ ਲੈਫਟਓਵਰ ਪੇਂਟ ਨੂੰ ਰੀਸਾਈਕਲ ਕੀਤੇ ਪੇਂਟ ਵਿੱਚ ਰੀਮਕਿਸ ਕੀਤਾ ਗਆਿ ਹੈ, ਇੱਕ ਬਾਲਣ ਵਜੋਂ ਵਰਤਆਿ ਗਆਿ ਹੈ, ਹੋਰ ਪ੍ਰੋਡਕਟ ਬਣਾਇਆ ਗਆਿ ਹੈ, ਜਾਂ ਜੇਕਰ ਇਸਦੀ ਕੋਈ ਹੋਰ ਲਾਭਦਾਇਕ ਵਰਤੋਂ ਨਹੀਂ ਕੀਤੀ ਜਾ ਸਕਦੀ ਹੈ ਤਾਂ ਇਸਦਾ ਸਹੀ ਢੰਗ ਨਾਲ ਨਪਿਟਾਰਾ ਕੀਤਾ ਗਆਿ ਹੈ।

## ਪ੍ਰੋਗਰਾਮ ਦੀ ਵਰਤੋਂ ਕੌਣ ਕਰ ਸਕਦਾ ਹੈ?

PaintCare ਡਰਾਪ-ਆਫ ਸਾਈਟ ਤੇ, ਪਰਵਿਾਰ ਓਨਾ ਹੀ ਲੈਟੇਕਸ ਜਾਂ ਆਇਲ-ਬੇਸਡ ਪੇਂਟ ਡਰਾਪ-ਆਫ ਕਰ ਸਕਦੇ ਹਨ ਜਨਿਾ ਸਾਈਟ ਸਵੀਕਾਰ ਕਰਨ ਲਈ ਤਆਿਰ ਹੋਵੇ।

PaintCare ਡਰਾਪ-ਆਫ ਸਾਈਟ ਤੇ, ਬਜ਼ਿਨੇਸ ਕਸਿੇ ਵੀ ਮਾਤਰਾ ਵਚਿ ਲੇਟੈਕਸ-ਅਧਾਰਤਿ ਪੇਂਟ ਡ੍ਰੌਪ-ਆਫ ਕਰ ਸਕਦੇ ਹਨ, ਪਰ ਤੇਲ-ਅਧਾਰਤਿ ਪੇਂਟ 'ਤੇ ਸੀਮਾਵਾਂ ਲਾਗੂ ਹੋ ਸਕਦੀਆਂ ਹਨ। ਹੋਰ ਜਾਣਕਾਰੀ ਲਈ www.paintcare.org/business-limits 'ਤੇ ਜਾਓ।

## ਕੀ ਤੁਸੀਂ ਪੇਂਟ ਦੀ ਲਾਰਜ ਵਾਲੀਅਮ ਸਵੀਕਾਰ ਕਰਦੇ ਹੋ?

ਜੇਕਰ ਤੁਹਾਡੇ ਕੋਲ ਆਪਣੇ ਕਾਰੋਬਾਰ ਜਾਂ ਘਰ ਵਿੱਚ ਰੀਸਾਈਕਲ ਕਰਨ ਲਈ ਘੱਟੋ-ਘੱਟ 100 ਗੈਲਨ ਪੇਂਟ ਹੈ, ਤਾਂ ਸਾਡੀ ਫ੍ਰੀ ਲਾਰਜ ਵਾਲੀਅਮ ਪਕਿਅੱਪ ਸਰਵਸਿ ਬਾਰੇ ਪਤਾ ਕਰੋ। ਕਰਿਪਾ ਕਰਕੇ ਹੋਰ ਵੇਰਵਆਿਂ ਲਈ ਜਾਂ ਪਕਿਅੱਪ ਲਈ ਬੇਨਤੀ ਕਰਨ ਲਈ www.paintcare.org 'ਤੇ ਜਾਓ।






## PaintCare ਫੀਸ

PaintCare ਨੂੰ ਸਟੇਟ ਵਿੱਚ ਵਿਕਣ ਵਾਲੇ ਪੇਂਟ ਦੇ ਹਰੇਕ ਕੈਨ ਲਈ ਪੇਂਟ ਨਿਰਮਾਤਾਵਾਂ ਦੁਆਰਾ ਅਦਾ ਕੀਤੀ ਗਈ ਫੀਸ ਦੁਆਰਾ ਫੰਡ ਕੀਤਾ ਜਾਂਦਾ ਹੈ। ਨਿਰਮਾਤਾ ਰਿਟੇਲਰਾਂ ਨੂੰ ਫੀਸ ਪਾਸ ਕਰਦੇ ਹਨ, ਜੋ ਫਿਰ ਇਸਨੂੰ ਪੇਂਟ ਦੀ ਕੀਮਤ ਤੇ ਲਗਾਉਂਦੇ ਹਨ। ਰਿਟੇਲਰਾਂ ਨੂੰ ਗਾਹਕਾਂ ਦੀਆਂ ਰਸੀਦਾਂ ਤੇ ਫੀਸ ਦਿਖਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਫ਼ੀਸ 30 ਸੈਂਟ ਤੋਂ ਲੈ ਕੇ $2.45 ਤੱਕ ਹੁੰਦੀ ਹੈ ਅਤੇ ਇਹ ਕੰਟੇਨਰ ਦੇ ਆਕਾਰ ਅਤੇ ਸਟੇਟ ਅਨੁਸਾਰ ਵੱਖ-ਵੱਖ ਹੁੰਦੀ ਹੈ।

| | |
|---|---|
| $0.30 – $0.65 | ਛੋਟੇ ਕੰਟੇਨਰ (ਉਦਾਹਰਨ ਲਈ, ਪਿੰਟ ਅਤੇ ਕੁਆਰਟ) |
| $0.65 – $1.35 | ਮੱਧ-ਆਕਾਰ ਦੇ ਕੰਟੇਨਰ (ਉਦਾਹਰਨ ਲਈ, 1 ਗੈਲਨ) |
| $1.50 – $2.45 | 5 ਗੈਲਨ ਤੱਕ ਦੇ ਵੱਡੇ ਆਕਾਰ |

## ਡਿਪਾਜ਼ਿਟ ਨਹੀਂ ਹੈ

ਇਹ ਫ਼ੀਸ ਕੋਈ ਡਿਪਾਜ਼ਿਟ ਨਹੀਂ ਹੈ - ਇਹ ਖਰੀਦ ਮੁੱਲ ਦਾ ਹੀ ਹਿੱਸਾ ਹੈ। ਇਸ ਫੀਸ ਦੀ ਵਰਤੋਂ ਪ੍ਰੋਗਰਾਮ ਦੇ ਖਰਚੇ ਚਲਾਉਣ ਲਈ ਕੀਤੀ ਜਾਂਦੀ ਹੈ, ਜਿਸ ਵਿੱਚ ਰੀਸਾਈਕਲਿੰਗ, ਜਨਤਕ ਸਿੱਖਿਆ, ਸਟਾਫਿੰਗ ਅਤੇ ਹੋਰ ਖਰਚੇ ਸ਼ਾਮਲ ਹਨ।

## ਸਾਡੇ ਨਾਲ ਸੰਪਰਕ ਕਰੋ

ਵਧੇਰੇ ਜਾਣਕਾਰੀ ਲਈ ਜਾਂ ਡਰਾਪ-ਆਫ ਸਾਈਟ ਲੱਭਣ ਲਈ, ਕਿਰਪਾ ਕਰਕੇ www.paintcare.org 'ਤੇ ਜਾਓ ਜਾਂ (855) PAINT09 'ਤੇ ਕਾਲ ਕਰੋ।